ਣੀਆਂ ਅਰ ਮਸੀਤਾਂ ਅਰ ਪੱਕੀਆਂ ਅੰਬਾਰਤਾਂ ਅਤੇ ਸਹਿਰਪ-ਨਾਹ, ਸਭ ਕੁਛ ਬਣ ਗਿਆ ਹੋਇਆ ਸਾ, ਪਰ ਚੌਧਰੀ ਦੇ ਮਰਨੇ ਪਿਛੇ ਫੇਰ ਉੱਜੜ ਹੋ ਗਏ ॥

**Sekhúpur.**

ਸੇਖੂਪੁਰ, ਅਗਲੇ ਜਮਾਨੇ ਵਿਚ ਵਡਾ ਸਹਿਰ ਹੋ ਹਟਿ-ਆ ਹੈ; ਉਸ ਵਿਚ ਪੱਕੀਆਂ ਅੰਬਾਰਤਾਂ ਸੀਆਂ; ਅਤੇ ਸੇਖੂ-ਪੁਰ ਦਾ ਆਪਣਾ ਜੁਦਾ ਪਰਗਣਾ ਸਾ; ਹੁਣ ਉੱਜੜ ਪਿਆ ਹੈ, ਨਿਰੇ ਝੁਪੜੇ ਜਿਹੇ ਘਰ ਬਸਦੇ ਹਨ, ਅਤੇ ਉਹੋ ਉੱਜੜ-ਕੇ ਕਪੂਰਥਲ੍ਹਾ ਵਸਿਆ ਹੈ ॥

**Kapúrthalá.**

ਕਪੂਰਥਲ੍ਹਾ ਇਕ ਪਿੰਡ ਸੀ, ਅਤੇ ਸੇਖੂਪੁਰ ਦੇ ਨਾਲ੍ਹ ਲਗ-ਦਾ ਸੀ। ਸਿੱਖਾਂ ਦੇ ਨਿਕਾਸ ਦੀ ਪਹਿਲ ਵਿਚ, ਜਾਂ ਜਿ-ਮੀਦਾਰਾਂ ਵਿਚੋਂ ਹਰ ਕੋਈ ਆਪੋ ਆਪਣੀ ਜਾਗਾ ਠਾਣੇ-ਮੀਰ ਬਣ ਬੈਠਾ ਹੋਇਆ ਸੀ, ਤਾਂ ਰਾਇ ਇਬਰਾਹੀਮ ਬੇਭੀ ਰਾਜਪੂਤ ਇਸੀ ਜਿਲੇ ਦਾ, ਅਦੀਨਾਬੇਗਖਾਂ ਦੇ ਰਾਜ ਦੇ ਪਿਛ-ਲੇ ਪੱਖ ਵਿਖੇ, ਫੈਜਾਂਵਾਲ੍ਹਾ ਹੋ ਗਿਆ; ਅਤੇ ਇਸੀ ਕਪੂਰ-ਥਲੇ ਵਿਚ ਵਡੀਆਂ ਵਡੀਆਂ ਅੰਬਾਰਤਾਂ ਬਣਾਈਆਂ, ਅਤੇ ਇਰਦੇ ਗਿਰਦੇ ਦਾ ਮੁਲਖ ਸੁਲਤਾਨਪੁਰ ਤੀਕੁਰ, ਆਪਣੇ ਵੱਸ ਵਿਚ ਲਿਆਇਆ। ਹੋਰ ਗਲਾਂ ਤਾ ਹੋਈਆਂ, ਪਰ ਉਹ ਸੂਰਮ-ਗਤੀ ਅਰ ਦਾਤਾਰੀ ਵਿਚ ਬਹੁਤ ਹੀ ਮਸਹੂਰ ਸੀ; ਇਸੀ ਕਰ-ਕੇ ਅਦੀਨਾਬੇਗਖਾਂ ਦੇ ਮਰਨ ਤੇ ਪਿਛੋਂ ਉਹ ਦੇ ਮੁਸਾਹਬਾਂ ਵਿਚੋਂ ਬਹੁਤੇ ਰਾਇ ਇਬਰਾਹੀਮ ਦੇ ਪਾਹ ਆਕੇ ਨੌਕਰ ਹੋ ਗਏ; ਅਤੇ ਉਹ ਉਨਾਂ ਲੋਕਾਂ ਨੂੰ ਬਹੁਤ ਹੀ ਇਨਾਮ ਕਿਨਾਮ ਦਿੰਦਾ ਸੀ। ਅਤੇ ਉਹ ਪਿੰਡ ਇਕ ਸਹਿਰ ਵਰਗਾ ਹੋ ਗਿਆ, ਅਤੇ ਹਰ ਪਰ-ਕਾਰ ਦੇ ਲੋਕ ਉਸ ਵਿਚ ਆਣ ਬਸੇ। ਜਾਂ ਜੱਸਾਸਿੰਘ ਆਹ-

Digitized by Google

ਕੀਤਾ ਹੋਇਆ, ਅਤੇ ਉਹ ਦੇ ਦੁਆਲੇ ਬਾਗ ਵਾਂਙੁ ਇਕ ਪੱਕੀ ਕੰਧ ਖਿੱਚੀ ਹੋਈ, ਅਤੇ ਉਸ ਵਿਚ ਚੰਗੀਆਂ ਬੈਠਕਾਂ ਬਲਾਈਆਂ ਹੋਈਆਂ ਹਨ, ਅਤੇ ਉਸ ਬਾਗ ਦੇ ਕੋਲ ਦੇ ਤਿੰਨ ਪੱਕੀਆਂ ਹਵੇਲੀਆਂ ਵੈਰੋਵਾਲੀਆਂ ਬਾਵਿਆਂ ਦੀਆਂ ਬਲਾਈਆਂ ਹੋਈਆਂ ਹਨ॥

## Naurangábád.

ਨੌਰੰਗਾਬਾਦ ਦੀ ਸਰਾਂ ਸਾਹਜਹਾਂ ਪਾਤਸਾਹ ਦੀ ਬਲਾਈ ਹੋਈ ਹੈ; ਉਹ ਦੇ ਚੜ੍ਹਦੇ ਪਾਸੇ ਇਕ ਮੁਨਾਰਾ ਹੈ, ਅਤੇ ਹੁਲ ਉਸ ਸਰਾਂ ਵਿਚ ਹਿੰਦੂ ਜੱਟ ਰਹਿੰਦੇ ਹਨ॥

ਅਤੇ ਉਹ ਦੇ ਲਾਗ ਤੀਰ ਦੀ ਮਾਰ ਪੁਰ ਇਕ ਪੱਕਾ ਤਲਾਉ ਹੈ, ਜੋ ਹੁਲ ਕਈਆਂ ਜਾਗਾਂ ਤੇ ਢੈਹਿ ਗਿਆ ਹੈ। ਅਤੇ ਇਸ ਸਰਾਂ ਤੇ ਢਾਈਆਂ ਕੋਹਾਂ ਦੀ ਵਿੱਥ ਉਪੁਰ ਇਕ ਤਲਾਉ ਹੈ, ਜਿਹ ਨੂੰ ਤਰਨਤਾਰਨ ਕਰਕੇ ਆਖਦੇ ਹਨ, ਅਤੇ ਇਹ ਤਲਾਉ ਗੁਰੂ ਅਰਜਲ ਦਾ ਪੱਟਿਆ ਹੋਇਆ ਹੈ, ਜੋ ਬਾਬੇ ਨਾਨਕ ਦਾ ਚੌਥਾ ਚੇਲਾ ਸਾ; ਅਤੇ ਸਿੱਖ ਲੋਕ ਇਸ ਤਲਾਉ ਨੂੰ ਅਮਰਿਤਸਰ ਜਿਹਾ ਮੱਥਾ ਟੇਕਲ ਦੀ ਜਾਗਾ ਸਮਝਦੇ ਹਨ, ਅਤੇ ਭਾਦੋਂ ਦੀ ਅਮਾਉਸ ਦੇ ਦਿਨ ਉਥੇ ਕਠੇ ਹੋਕੇ ਅਸਨਾਨ ਕਰਦੇ ਹਨ॥

ਹੁਲ ਮਹਾਰਾਜੇ ਰਲਜੀਤਸਿੰਘੁ ਨੈ ਇਸ ਤਲਾਉ ਨੂੰ ਨਵੇਂ ਸਿਰੇ ਬਲਵਾਕੇ, ਅਤੇ ਬਹੁਤ ਪੈਸਾ ਖਰਚਕੇ, ਉਹ ਦੇ ਕਿਨਾਰੇ ਅਕਾਲੀਆਂ ਲਈ ਵਡੀਆਂ ਸੁੰਦਰ ਬੈਠਕਾਂ ਬਲਵਾਈਆਂ ਹਨ। ਹੁਲ ਉਹ ਦੇ ਗਿਰਦੇ ਸਿੱਖਾਂ ਦਾ ਇਕ ਪਿੰਡ ਬਸ ਗਿਆ ਹੈ, ਅਤੇ ਪੰਜਾਹਕੁ ਹੱਟਾਂ ਬੀ ਹੋ ਗਈਆਂ ਹਨ। ਉਥੇ ਸਦਾ ਅੰਬਾਰਤ ਦਾ ਕੰਮ ਛਿੜਿਆ ਰਹਿੰਦਾ, ਅਤੇ ਬਸੋਂ ਵਧਦੀ ਜਾਂਦੀ ਹੈ; ਅਤੇ ਉਸ ਤਲਾਉ ਦਾ ਲੰਬਾਉ ਚੁੜਾਉ, ਹਰ ਪਾਸੇ ਤੇ ਦੋ ਦੋ ਸੈ ਕਰਮਾਂ ਹੈ।



Digitized by Google

ਅਤੇ ਸਭਨਾਂ ਸਰਦਾਰਾਂ ਨੈ ਆਪੋ ਆਪਲੀ ਜੁਦੀ ਜੁਦੀ ਬਸੋਂ ਬਸਾਕੇ, ਅਤੇ ਉਹ ਦੇ ਦੁਆਲੇ ਛਾਰਦੁਆਲੀ ਬਲਾਕੇ, ਸਿਰੇ ਪੁਰ ਇਕ ਦਰਵੱਜਾ ਲਾ ਦਿੱਤਾ, ਅਰ ਉਸ ਬਸੋਂ ਦਾ ਨਾਉਂ ਕਟੜ੍ਹਾ ਬਲਾ ਧਰਿਆ; ਅਤੇ ਹਰ ਕਟੜ੍ਹਾ ਆਪਲੇ ਬਲਾਉਲ-ਵਾਲੇ ਦੇ ਨਾਉਂ ਪੁਰ ਮਸਹੂਰ ਹੋ ਗਿਆ; ਜਿਹਾਕੁ ਫਜੁੱਲਾਪੁਰੀਆਂ ਦਾ ਕਟੜ੍ਹਾ, ਕਨ੍ਹਈਆਂ ਦਾ ਕਟੜ੍ਹਾ, ਰਾਮਗੜ੍ਹੀਆਂ ਦਾ ਕਟੜ੍ਹਾ, ਅਤੇ ਆਹਲੂਵਾਲੀਆਂ ਦਾ ਕਟੜ੍ਹਾ॥

ਅਤੇ ਇਨ੍ਹਾਂ ਸਰਦਾਰਾਂ ਵਿਚੋਂ ਕੋਈ ਦੂਜੇ ਮਕਾਨ ਜਾ ਕਟੜ੍ਹੇ ਪੁਰ ਕਾਬੂ ਨਹੀਂ ਪਾ ਸਕਦਾ ਸੀ; ਇਸ ਕਰਕੇ ਹਰ ਪਰਕਾਰ ਦੇ ਬੁਪਾਰੀ ਅਤੇ ਕਾਰਖਾਨਦਾਰ ਲੋਕ, ਪੰਜਾਬ ਦੇ ਸਹਿਰਾਂ ਤੇ ਉਜੜੇ ਹੋਏ ਇਸ ਜਾਗਾ ਆਕੇ ਬਸਦੇ ਜਾਲ ਲਗੇ; ਤਾਂ ਥੁਹੁੜੇ ਜਿਹੇ ਚਿਰ ਵਿਚ ਵਡਾ ਸਹਿਰ ਬਸ ਗਿਆ, ਅਤੇ ਧਨਮਾਨ ਮਹਾ-ਜਨਾਂ ਨੈ ਵਡੀਆਂ ਵਡੀਆਂ ਹਵੇਲੀਆਂ ਪਾ ਲਈਆਂ॥

ਉਸ ਸਮੇ ਵਿਚ ਜੋ ਕੋਈ ਆਦਮੀ ਇਕ ਕਟੜ੍ਹੇ ਤੇ ਭਜਕੇ ਦੂਜੇ ਕਟੜ੍ਹੇ ਜਾ ਵੜਦਾ, ਭਾਵੇਂ ਉਹ ਕਿਹਾ ਹੀ ਗੁਨਾਹੀ ਜਾ ਖੂ-ਨੀ ਹੁੰਦਾ, ਤਾਂ ਭੀ ਕਟੜ੍ਹੇ ਦਾ ਸਰਦਾਰ ਉਹ ਨੂੰ ਬੰਨਕੇ ਨਹੀਂ ਦਿੰਦਾ ਸੀ; ਇਸ ਕਰਕੇ ਇਹ ਸਹਿਰ ਦਿਨ ਬਦਿਨ ਵਧਦਾ ਜਾਂ-ਦਾ ਸਾ। ਜਾਂ ਮਹਾਰਾਜੇ ਰਲਜੀਤਸਿੰਘੁ ਨੈ ਲਹੌਰ ਲੈ ਲਿ-ਆ, ਅਤੇ ਸਾਰੇ ਸਿੱਖਾਂ ਸਰਦਾਰਾਂ ਨੂੰ ਬੰਨ ਮਾਰ ਲੀਤਾ, ਅਤੇ ਸਾਰਾ ਮੁਲਖ ਉਨ੍ਹਾਂ ਤੇ ਖੁਹੁ ਲਿਆ, ਤਾਂ ਅਮਰਿਤਸਰ ਬੀ ਉਸੇ ਦੇ ਹੱਥ ਆ ਗਿਆ, ਅਤੇ ਆਹਲੂਵਾਲੀਏ ਬਿਨਾ ਹੋਰ ਕਿਸੇ ਕਟੜ੍ਹੇਵਾਲੇ ਦਾ ਆਪਲੀ ਜਾਗਾ ਪੁਰ ਕੁਛ ਇਖਤਿਆਰ ਨਾ ਰਿਹਾ॥

ਮਹਾਰਾਜੇ ਨੈ ਇਸ ਸਹਿਰ ਦੇ ਬਸਾਉਲ ਵਿਚ ਵਡਾ ਜੋਰ ਲਾਇਆ, ਅਤੇ ਇਸ ਤਲਾਉ ਅਰ ਮੰਦਰ ਉਤੇ ਬਹੁਤ ਪੈਸਾ

Digitized by Google

ਅਤੇ ਸਹਿਰ ਤੇ ਅੰਦਰ ਭਾਵੇਂ ਸਾਰਾ ਅਬਾਦ ਨਹੀਂ ਹੋਇ-ਆ, ਪਰ ਤਾਂ ਭੀ ਅਗੇ ਨਾਲੋਂ ਅਛੀ ਰੌਲਕ ਹੋ ਗਈ ਹੈ। ਅ-ਤੇ ਪਾਤਸਾਹੀ ਦੌਲਤਖਾਨਾ, ਜੋ ਢੱਠਾ ਪਿਆ ਸਾ, ਮਹਾਰਾਜੇ ਰਣਜੀਤਸਿੰਘੁ ਦੇ ਹੁਕਮ ਨਾਲ, ਫੇਰ ਮੁਰੰਮਤ ਹੋ ਗਿਆ ਹੈ। ਅਤੇ ਪਾਤਸਾਹੀ ਜੁਮਾ ਮਸੀਤ, ਜੋ ਔਰੰਗਜੇਬ ਪਾਤਸਾਹ ਦੀ ਬਣਾਈ ਹੋਈ, ਅਤੇ ਵਡੀ ਖੁੱਲੀ ਅਰ ਮਜਬੂਤ ਸੀ, ਸੋ ਹੁਣ ਸਿੱਖਾਂ ਦੇ ਉਤਾਰੇ, ਅਤੇ ਘੋੜਿਆਂ ਦੇ ਤਬੇਲੇ ਦੀ ਜਾਗਾ ਹੋ ਗਈ ਹੈ॥

ਅਤੇ ਪਾਤਸਾਹੀ ਸਰਾਂ ਵਿਚ, ਜੋ ਦੌਲਤਖਾਨੇ ਅਰ ਜੁਮਾ ਮਸੀਤ ਦੇ ਗੱਭੇ ਹੈ, ਇਕ ਬਾਗ ਲਵਾਕੇ ਹਜੂਰੀ ਬਾਗ ਨਾਉਂ ਧ-ਰਿਆ, ਅਤੇ ਉਹ ਦੇ ਵਿਚਕਾਰੇ ਸੰਗ ਮਰਮਰ ਦੀ ਇਕ ਬਾਰਾਂ-ਦਰੀ ਬਨਵਾਈ ਹੈ॥

ਇਸ ਸਹਿਰ ਵਿਚ ਮਸੀਤਾਂ ਅੱਤ ਸੁੰਦਰ ਸਨ, ਪਰ ਸਭ ਦੀਆਂ ਸਭ ਵੈਰਾਨ ਪਈਆਂ ਹਨ; ਹੁਣ, ਨਿਰੀ ਵਜੀਰਖਾਂ ਦੀ ਮਸੀਤ, (ਜੋ ਦਿੱਲੀ ਦਰਵਜੇ ਤੇ ਅੰਦਰਲੇ ਪਾਸੇ ਅੱਤ ਅਨੂਪ ਚੀਨੀ ਦੀ ਬਣੀ ਹੋਈ ਹੈ,) ਅਬਾਦ ਹੈ। ਉਹ ਦੇ ਸਹਿਨ ਦੇ ਭੋਰੇ ਦੇ ਹੇਠ, ਮੀਰਾਂ ਸੈਦ ਇਸਹਾਕ ਗਾਜੀ ਦੀ ਕਬਰ ਹੈ, ਅਤੇ ਲੋਕ ਉਹ ਦੇ ਦਰਸਨ ਨੂੰ ਜਾਂਦੇ ਹਨ॥

ਅਤੇ ਇਕ ਭਿਖਾਰੀਖਾਂ ਦੀ ਮਸੀਤ ਹੈ, ਜੋ ਉਹ ਦੇ ਗੁੰਮਜ ਸਾਰੇ ਸੁਨਹਿਰੀ ਹਨ। ਇਸੀ ਤਰਾਂ ਸਹਿਰਪਨਾਹ ਦੇ ਅੰਦਰ ਹੁਣ ਬੀ ਨਿੱਕੀਆਂ ਮੋਟੀਆਂ ਸੈਕੁ ਮਸੀਤਾਂ ਅਬਾਦ ਹੋਣਗੀਆਂ॥

ਅਤੇ ਜਰਬਖਾਨੇ ਦੇ ਕੋਲ ਮਲਕ ਅਜਾਜ ਦੀ ਕਬਰ ਹੈ; ਬਹੁਤ ਲੋਕ ਉਥੇ ਦਰਸਨ ਲਈ ਜਾਂਦੇ ਹਨ। ਸਹਿਰਪਨਾਹੋਂ ਬਾਹਰ, ਦੱਖਣ ਅਰ ਪੱਛਮ ਦੇ ਗਭਲੇ ਕੂਣੇ ਵਲ, ਉਸਮਾਨ ਹੁਬੈਰੀ ਜੀਲਾਨੀ ਦੇ ਪੁੱਤ ਸੇਖ ਅਲੀ ਦੀ ਕਬਰ ਹੈ, ਕਿ ਜਿਨਾਂ

Digitized by Google

ਇਕ ਕੌਮ ਦਾ ਨਾਉਂ ਕਾਠੀਆ ਹੈ; ਓਹ ਲੋਕ ਦਰਿਆਉ ਝਨਾਉ ਦੇ ਕੰਢੇ ਰਹਿੰਦੇ ਹਨ, ਅਤੇ ਉਨਾਂ ਦੇ ਸਰਦਾਰ ਦਾ ਨਾਉਂ ਜੱਲਾ ਸੀ। ਅਤੇ ਦੂਜੀ ਕੌਮ ਖਰਲ, ਜੋ ਦਰਿਆਉ ਰਾਵੀ ਦੇ ਕੰਢੇ ਰਹਿੰਦੀ ਹੈ, ਉਨਾਂ ਦੇ ਸਰਦਾਰ ਦਾ ਨਾਉਂ ਅਹਿਮਦਖਾਂ ਖਰਲ ਸਾ।

ਏਹ ਦੋਨੋ ਕੌਮਾਂ ਆਪਸ ਵਿਚ ਵੈਰ ਧਰਦੀਆਂ, ਅਤੇ ਇਕ ਦੂਜੇ ਦੇ ਡੰਗਰ ਪਸੂ ਲੁੱਟ ਲੈ ਜਾਂਦੀਆਂ, ਅਤੇ ਧਾੜੇ ਮਾਰਦੀਆਂ ਹਨ; ਅਤੇ ਇਸ ਬਾਰ ਵਿਚ ਇਨਾਂ ਦੋਨਾਂ ਕੌਮਾਂ ਦੇ ਲੋਕ ਲੱਖ ਨਾ-ਲੋਂ ਵਧੀਕ ਹੋਣਗੇ। ਅਤੇ ਏਹ ਦੋਵੇਂ ਸਰਦਾਰ ਗਾਈਆਂ ਮਹੀ-ਆਂ ਬਹੁਤ ਰਖਦੇ ਸਨ, ਅਤੇ ਰਣਜੀਤਸਿੰਘ ਦੀ ਤਾਬੇਦਾਰੀ ਕਰਦੇ ਸਨ, ਅਤੇ ਆਪਣੀ ਕੌਮ ਥੀਂ ਮਾਮਲੇ ਦਾ ਪੈਸਾ ਉਗਰਾ-ਹਕੇ, ਖਜਾਨੇ ਵਿਚ ਦਾਖਲ ਕਰਦੇ ਸਨ॥

Farídábád.

ਫਰੀਦਾਬਾਦ ਰਾਵੀ ਦੇ ਕੰਢੇ ਇਕ ਕਦੀਮੀ ਸਹਿਰ ਹੈ, ਜੋ ਸੈਦ-ਵਾਲੇ ਤੇ ਕੁਛ ਕੋਹ ਹੈ; ਅਤੇ ਇਹ ਸਹਿਰ ਤੱਪੇ ਦੀ ਜਾਗਾ, ਅਤੇ ਭੱਟੀ ਰਾਜਪੂਤਾਂ ਦਾ ਹੈ; ਕਿੰਉਕਿ ਮਹਿਰਮਖਾਂ ਭੱਟੀ ਦਾ ਵਸਾਇਆ ਹੋਇਆ ਹੈ। ਘਰ ਹਜਾਰਕੁ, ਅਰ ਹੱਟਾਂ ਕੁਝਕੁ ਸੈ ਹੋਣਗੀਆਂ; ਅਤੇ ਇਹ ਸਹਿਰ ਸਾਰਾ ਪੱਕਾ ਸਾ; ਸੋ ਉਸ ਨੂੰ ਬੀ ਦਰਿਆਉ ਰੁੜ੍ਹਾ ਲੈ ਗਿਆ; ਹੁਣ ਫੇਰ ਨਵੇਂ ਸਿਰੇ ਵਸਿਆ ਹੈ; ਕੋਟੀ ਉਸ ਦੀ ਬਸੋਂ ਬਹੁਤੀ ਪੱਕੀ, ਅਤੇ ਬਹੁਤੀ ਕੱਚੀ, ਬਲਕ ਕਿਧਰੇ ਕਿਧਰੇ ਛਪਰਬਾਸ ਬੀ ਹੈ। ਇਸ ਮੁਲਖ ਵਿਚ ਸਾਉਣੀ ਨਹੀਂ ਹੁੰਦੀ, ਪਰ ਸਲਗਮ ਇਤਨੇ ਬਹੁਤ ਹੁੰਦੇ ਹਨ, ਜੋ ਢਾਂਡਿ-ਆਂ ਨੂੰ ਚਾਰਦੇ ਹਨ।

ਅਤੇ ਲਹੌਰੋਂ ਫਰੀਦਾਬਾਦ ਤੀਕੁਰ, ਪੂਰਬ ਦੀ ਵੱਲ ਦਾ ਕੰਢਾ ਉੱਚਾ ਹੈ, ਅਤੇ ਉਸ ਤੇ ਨੀਚਲੇ ਪਾਸੇ, ਦੋਵੇਂ ਕੰਢੇ ਬਰੋਬਰ, ਅਤੇ ਹਰ ਪਾਸੇ ਬਿੱਲ ਹੈ, ਅਤੇ ਇਹੋ ਜਾਗਾ ਆਟ ਦੀ ਹੈ, ਅਰ

Digitized by Google

ਕਰਦੇ ਹਨ, ਕਿ ਪਾਤਸਾਹ ਨੈ ਇਸ ਚੁਸਮੇ ਦੇ ਕਿਲੇ ਵਿਚ ਲਿ-
ਆਉਲ ਲਈ ਬਹੁਤ ਚਾਹਿਆ, ਪਰ ਨਾ ਲਿਆ ਸੱਕਿਆ;
ਬਲਕ ਜਿਸ ਵੇਲੇ ਉਸ ਦੇ ਦੁਆਲੇ ਕੰਧਾਂ ਉਸਾਰਨ ਲੱਗੇ, ਤਾਂ
ਉਹ ਦਾ ਪਾਲੀ ਅੰਦਰੋਂ ਸੁੱਕਕੇ ਕਿਲੇ ਥੀਂ ਬਾਹਰ ਰਸਦਾ ਸਾ।
ਆਖਦੇ ਹਨ, ਜੋ ਦਰਵੱਜੇ ਦੇ ਪੱਥਰ ਉਪੁਰ ਤਲਾਕ ਲਿਖੀ ਹੋਈ
ਹੈ, ਜੋ "ਕੋਈ ਪਾਤਸਾਹ ਇਸ ਕਿਲੇ ਦੇ ਅੰਦਰ ਨਾ ਵੜੇ, ਜਦ
ਤੀਕੁਰ ਇਸ ਚੁਸਮੇ ਨੂੰ ਕਿਲੇ ਦੇ ਅੰਦਰ ਨਾ ਲਿਆਵੇ;" ਇਸ
ਕਰਕੇ ਉਸ ਕਿਲੇ ਵਿਚ ਕੋਈ ਪਾਤਸਾਹ ਨਹੀਂ ਵੜਦਾ। ਖਾਲ
ਨਾਮੇ ਨਲੇ ਤੇ ਪਾਰ ਮਦਾਨ ਵਿਚ ਇਕ ਪਾਤਸਾਹੀ ਸਰਾਂ ਥੀ, ਸੋ
ਹੁਲ ਉਜੜ ਪਈ ਹੈ, ਅਤੇ ਇਸ ਕਿਲੇ ਦੇ ਲੋਕ ਇਸ ਨਲੇ ਦਾ
ਪਾਲੀ ਪੀਂਦੇ ਹਨ; ਅਤੇ ਕਿਲੇ ਦੇ ਵਿਚ ਬੀ ਕਈ ਖੂਹੇ ਪੱਥਰ
ਵਿਚ ਉੱਕਰੇ ਹੋਏ ਹਨ, ਪਰ ਤਿਨ੍ਹਾਂ ਵਿਚ ਪਾਲੀ ਬਹੁਤ ਬੁਹੁ-
ੜਾ ਹੈ। ਅਤੇ ਇਕ ਪੌੜੀਆਂਵਾਲੀ ਬਾਉੜੀ ਅਜਿਹੀ
ਡੂੰਘੀ ਹੈ, ਜੋ ਆਦਮੀ ਦੀ ਨਿਗਾ ਉਹ ਦੇ ਥੱਲੇ ਤੀਕੁਰ ਨਹੀਂ
ਅੱਪੁੜਦੀ; ਨਿਰਾ ਧੂਆਂ ਜਿਹਾ ਨਜਰੀ ਆਉਂਦਾ ਹੈ। ਉਹ
ਦੀਆਂ ਇਕ ਸੌ ਇਕਾਸੀ ਪੌੜੀਆਂ ਇਕ ਕਾਲੇ ਰੰਗ ਪੱਥਰ
ਦੀਆਂ ਹਨ, ਅਤੇ ਉਹ ਖੂਹਾ ਹੁਲ ਉਜਾੜ ਵਿਚ ਸੁਕਾ ਪਿਆ
ਹੈ। ਅਤੇ ਰੁਤਾਸ ਦੇ ਕਿਲੇ, ਥੀਂ ਬਾਲਨਾਥ ਜੋਗੀ ਦਾ ਪਹਾੜ
ਸੱਤ ਕੋਹ ਹੈ, ਅਤੇ ਉਸ ਪਹਾੜ ਦਾ ਨਾਉਂ ਬੀ ਬਾਲਨਾਥ ਦੇ
ਨਾਉਂ ਪੁਰ ਮਸਹੂਰ ਹੋ ਗਿਆ ਹੋਇਆ ਹੈ; ਹੁਲ ਤੀਕੁਰ ਉਥੇ
ਜੋਗੀ ਰਹਿੰਦੇ ਹਨ, ਅਤੇ ਗਾਈਆਂ ਮਹੀਆਂ ਬਹੁਤ ਰਖਦੇ ਹਨ,
ਅਤੇ ਆਇਆਂ ਗਇਆਂ ਰਾਹੀਆਂ ਨੂੰ ਦੁੱਧ ਪਿਲਾਉਂਦੇ ਹਨ।
ਇਸ ਪਹਾੜ ਵਿਚ ਸਭ ਚੁਸਮੇ ਖਾਰੇ ਹਨ; ਉਨ੍ਹਾਂ ਦਾ ਪਾਲੀ
ਗਿਲਹੜ ਦੇ ਹੱਕ ਬਹੁਤ ਚੰਗਾ ਹੈ, ਅਤੇ ਉਸ ਪਾਲੀ ਪੀਤਿਆਂ
ਉਵੇਂ ਦਸਤ ਲੱਗ ਜਾਂਦੇ ਹਨ, ਅਤੇ ਕਫ ਦੇ ਬਕਾਰ ਨੂੰ ਬੀ ਖੰਡ

UNIVERSITY OF CALIFORNIA LIBRARY,
BERKELEY

THIS BOOK IS DUE ON THE LAST DATE
STAMPED BELOW

Books not returned on time are subject to a fine of 50c per volume after the third day overdue, increasing to $1.00 per volume after the sixth day. Books not in demand may be renewed if application is made before expiration of loan period.

REC. CIR. APR 26 '77

JAN 24 1927

RECEIVED

17Oct'52RW

FEB 13 '70 -11 AM

LOAN DEPT.

26Mar'53CR

MAR 12 1953 LU

JAN 21 1969

REC'D LD JAN 8 '69 -3 PM

JAN 04 1999

FEB 14 1970

May 17 1977

50m-8,'26

Digitized by Google

